ਦੀਆਂ ਕਿਰਿਆਵਾਂ ਅਤੇ ਉਨ੍ਹਾਂ ਦੇ ਗੁਣਾਂ ਦੇ ਲਈ ਇਹ ਸਰੀਰ ਮੰਦਿਰ ਰੂਪ ਹੈ। - 3

ਇਹ ਲੋਕਾਕਾਸ ਇੱਕ ਰੂਪ ਹੈ। ਫਿਰ ਵੀ ਪੁਦੱਗਲ ਦੇ ਰਾਹੀ ਭਿੰਨ-ਭਿੰਨ ਸਕਲਾਂ ਬਣਾਉਂਦਾ ਹੈ। ਉਹ ਕਿਤੇ ਮੇਰੂ ਪਰਬਤ ਦੀ ਤਰ੍ਹਾਂ ਉੱਚਾ ਹੈ, ਕਿਤੇ ਡੂੰਘੀ ਖਾਈ ਦੀ ਤਰ੍ਹਾਂ ਦਿਖਾਈ ਦਿੰਦਾ ਹੈ। - 4

ਕਿਤੇ ਉਹ ਦੇਵਤਿਆਂ ਦੇ ਮਨੀ ਮੰਦਿਰਾਂ ਤੋਂ ਖੂਬਸੂਰਤ ਹੋ ਕੇ ਚਮਕਦਾ ਹੈ ਤੇ ਕਿਤੇ ਘੋਰ ਹਨੇਰੇ ਰੂਪੀ ਨਰਕ ਆਦਿ ਦੇ ਕਾਰਨ ਡਰਾਉਣਾ ਤੇ ਘ੍ਰਿਣਾ ਯੋਗ ਲੱਗਦਾ ਹੈ। - 5

ਕਿਸੇ ਪ੍ਰਦੇਸ਼ ਵਿੱਚ ਉਤਸਵ ਦੇ ਰੰਗਾਂ ਦੀ ਮਸਤੀ ਹੈ, ਕਿਤੇ ਮੰਗਲ ਗੀਤਾਂ ਬਸਤੀ ਹੈ, ਕਿਤੇ ਭਾਰੀ ਗਰਜਨਾ, ਅਵਾਜ, ਚੀਖ-ਚਿਲਾਹਟ, ਭਾਰੀ ਸਾਹ ਅਤੇ ਹਾਏ, ਸੋਗ ਤੇ ਦੁੱਖ ਦੀਆਂ ਘਟਾਵਾਂ ਬਰਸਦੀਆਂ ਹਨ। - 6

ਜਨਮ ਮਰਨ ਦੇ ਚੱਕਰ ਵਿੱਚ ਉਲਝੇ ਪ੍ਰਾਣੀਆਂ ਨੇ ਆਸ ਵਿੱਚ ਕਈ ਤਰ੍ਹਾਂ ਦੇ ਰਿਸ਼ਤੇ ਜੋੜੇ ਹਨ, ਬੰਨ੍ਹੇ ਹਨ ਅਤੇ ਤੋੜੇ ਹਨ, ਮਰੋੜੇ ਹਨ। - 7

ਜੇ ਤੈਨੂੰ ਇਸ ਜਨਮ ਮਰਨ ਰੂਪੀ ਸੰਸਾਰ ਦੀ ਘੁੰਮਣ ਘੇਰੀ ਤੋਂ ਥਕਾਨ ਮਹਿਸੂਸ ਹੋਈ ਹੋਵੇ ਤਾਂ ਜੋ ਭਗਵਾਨ ਸ਼ਾਂਤਸੁਧਾ ਰਸ ਦਾ ਸੇਵਨ ਕਰਕੇ ਵਿਨੈਵਾਨ ਜੀਵਾਂ ਦੀ ਰੱਖਿਆ ਕਰਦੇ ਹਨ, ਉਨ੍ਹਾਂ ਭਗਵਾਨ ਨੂੰ ਭਾਵਪੂਰਵਕ ਨਮਸਕਾਰ ਕਰ। - 8

## 12.

# ਬੋਧੀ ਦੁਰਲਭ ਭਾਵਨਾ (ਸ਼ਲੋਕ)

ਹੇ ਵਿਸ਼ਾਲ ਬੁੱਧੀ ਦੇ ਮਾਲਕ ਪ੍ਰਾਣੀ ! ਜਿਸ ਦੇ ਪ੍ਰਭਾਵ ਨਾਲ ਦੇਵ ਲੋਕ ਨੂੰ ਅਚੰਭਾ ਦੇਣ ਵਾਲੀ ਸੁੱਖ ਸੰਪਤੀ ਮਿਲਦੀ ਹੈ, ਅਨੇਕਾਂ ਪ੍ਰਕਾਰ ਦਾ ਖੁਸ਼ੀ ਅਨੰਦ ਮਿਲਦਾ ਹੈ, ਅਤੇ ਅਗਲੇ ਜਨਮ ਵਿੱਚ ਉੱਤਮ ਕੁਲ ਵਿੱਚ ਜਨਮ ਹੁੰਦਾ ਹੈ। ਬ੍ਰਹਮ ਵਰਗੀ ਉੱਚੀ ਪਦਵੀ ਪ੍ਰਾਪਤ ਹੁੰਦੀ ਹੈ, ਜੋ ਸੁੰਦਰ ਹੈ, ਮਿਲਣੀ ਔਖੀ ਹੈ, ਉਸ ਬੋਧੀ ਰਤਨ ਦੀ ਸ਼ਰਧਾ ਨਾਲ ਤੁਸੀਂ ਉਪਾਸਨਾ ਕਰੋ। - 1

ਨਿਗੋਦ (ਗੰਦਗੀ ਵਿੱਚ ਪੈਦਾ ਹੋਣ ਵਾਲੇ ਸੂਖਮ ਜੀਵ) ਦੇ ਹਨ੍ਹੇਰੇ ਖੂਹ ਵਿੱਚ ਪਏ ਹੋਏ ਅਤੇ ਜਨਮ ਮਰਨ ਦੇ ਚੱਕਰ ਵਿੱਚ ਫਸ ਕੇ ਦੁਖੀ ਹੋ ਉੱਠੇ ਜੀਵ ਆਤਮਾ ਦੇ ਭਾਵਾਂ ਦੀ ਅਜਿਹੀ ਸ਼ੁੱਧੀ ਕਿੱਥੇ ਹੋਵੇਗੀ ਕਿ ਜਿਸ ਦੇ ਰਾਹੀ ਉਹ ਨਿਗੋਦ ਤੋਂ ਬਾਹਰ ਆ ਸਕੇ। - 2

ਮੰਨਿਆ ਇਹ ਸੂਖਮ ਨਿਗੋਦ ਤੋਂ ਬਾਹਰ ਵੀ ਆ ਜਾਣ ਤਾਂ ਉਹ ਪ੍ਰਾਣੀ ਨੂੰ ਬਾਦਰ, ਸਥਾਵਰ ਜੀਵ ਦੀ ਪ੍ਰਾਪਤੀ ਹੁੰਦੀ ਹੈ। ਤਰੱਸ (ਹਿੱਲਣ ਚੱਲਣ ਵਾਲੇ) ਜੀਵ ਦੀ ਗਤੀ ਤਾਂ ਦੁਰਲਭ ਹੈ। ਤਰੱਸ ਵਿੱਚ ਵੀ ਪੰਜ ਇੰਦਰੀਆਂ ਅਤੇ ਉਹ ਵੀ ਸਾਰੀਆਂ ਪਰਿਆਪਤੀਆਂ (ਸ਼ਕਤੀਆਂ) ਤੋਂ ਪੂਰਨ ਪ੍ਰਾਪਤ ਹੋਣਾ ਮੁਸ਼ਕਿਲ ਹੈ। ਸੰਗੀ ਮਨ ਵਾਲੇ (ਵਿਕਸਿਤ ਮਨ ਵਾਲੇ) ਅਵੱਸਥਾ ਮਿਲ ਵੀ ਜਾਵੇ ਤਾਂ ਉਮਰ ਦੀ ਸਥਿਰਤਾ ਅਤੇ ਮਨੁੱਖੀ ਜੀਵਨ ਮਿਲਣਾ ਬਹੁਤ ਹੀ ਮੁਸ਼ਕਿਲ ਅਤੇ ਕਠਿਨ ਹੈ। - 3

ਬਹੁਤ ਪੁੰਨ ਦੇ ਕਾਰਨ ਜੋ ਮਨੁੱਖੀ ਦੇਹ ਪ੍ਰਾਪਤ ਕਰਕੇ ਵੀ ਉਹ ਮੂਰਖ ਤੇ ਪਾਗਲ ਪ੍ਰਾਣੀ ਮੋਹ ਅਤੇ ਮਿੱਥਿਆਤਵ ਮਾਇਆ ਕਪਟ ਦੇ ਜਾਲ ਵਿੱਚ ਉਲਝ ਜਾਂਦਾ ਹੈ। ਆਖਿਰ ਭਟਕਦਾ ਭਟਕਦਾ ਉਹ ਸੰਸਾਰ ਦੇ ਡੂੰਘੇ ਖੂਹ ਵਿੱਚ ਚਲਾ ਜਾਂਦਾ ਹੈ। - 4

ਮਤ-ਮੱਤਾਂਤਰਾਂ ਅਤੇ ਵੱਖ ਵੱਖ ਰਾਹਾਂ ਦਾ ਜੰਗਲ ਬਾਹਰ ਆ ਗਿਆ ਹੈ। ਕਦਮ ਕਦਮ 'ਤੇ ਆਪਣੇ ਆਪ ਨੂੰ ਬੁੱਧੀਸ਼ਾਲੀ ਮੰਨਦਾ ਹੋਇਏ ਲੋਕ ਜੀਵਾਂ ਨੂੰ ਭਿੰਨ-ਭਿੰਨ ਤਰਕ-ਵਿਤਰਕ ਕਰਕੇ ਆਪਣੀ ਮਾਨਤਾ ਦੇ ਜਾਲ ਵਿੱਚ ਫਸਾਉਂਦੇ ਹਨ। ਇਸ ਸਮੇਂ ਨਾ ਤਾਂ ਦੇਵਤਿਆਂ ਦਾ ਸਾਥ ਪ੍ਰਾਪਤ ਹੈ, ਨਾ ਕੋਈ ਵਿਸ਼ੇਸ਼ ਚਮਤਕਾਰ ਦੀ ਸੰਭਾਵਨਾ ਹੈ। ਅਜਿਹੇ ਸਮੇਂ ਵਿੱਚ ਤਾਂ ਜੋ ਆਤਮਾ ਧਰਮ 'ਤੇ ਸਰਧਾਵਾਨ ਹੋਵੇਗਾ, ਉਹੀ ਭਾਗਸ਼ਾਲੀ ਅਖਵਾਏਗਾ। - 5

ਜਦ ਤੱਕ ਇਹ ਸਰੀਰ ਬਿਮਾਰੀਆਂ ਨਾਲ ਨਹੀਂ ਘਿਰਿਆ, ਜਦ ਤੱਕ ਬੁਢਾਪੇ ਦਾ ਸਿੱਕਾ ਸਰੀਰ 'ਤੇ ਨਹੀਂ ਲੱਗਿਆ, ਜਦ ਤੱਕ ਇੰਦਰੀਆਂ ਆਪਣੇ ਆਪਣੇ ਵਿਸ਼ਿਆਂ ਵਿੱਚ ਤਾਕਤਵਰ ਹਨ, ਮੌਤ ਦੇ ਪਰਛਾਵੇਂ ਜਿੰਦਗੀ ਦੀ ਧਰਤੀ 'ਤੇ ਉਤਰ ਨਹੀਂ ਜਾਂਦੇ, ਤਦ ਤੱਕ ਸਮਝਦਾਰ ਤੇ ਵਿਵੇਕੀ ਨੂੰ ਆਪਣੇ ਭਲੇ ਦੇ ਲਈ ਪੁਰਸ਼ਾਰਥ ਕਰ ਲੈਣਾ ਚਾਹੀਦਾ ਹੈ। ਸਰੋਵਰ ਦੇ ਪਾਣੀ ਜੋਰ ਸ਼ੋਰ ਨਾਲ ਬਹਿਣ ਲੱਗੇ ਫਿਰ ਕਿਨਾਰਾ ਜਾਂ ਪੱਥਰ ਦੀ ਦੀਵਾਰ ਖੜ੍ਹੀ ਕਰਨ ਦਾ ਕੋਈ ਮਤਲਬ ਨਹੀਂ ਰਹਿੰਦਾ। - 6

ਇਹ ਸਰੀਰ ਭਿੰਨ ਭਿੰਨ ਦੁੱਖਾਂ ਦਾ ਘਰ ਹੈ। ਉਮਰ ਦਾ ਕੋਈ ਭਰੋਸਾ ਨਹੀਂ। ਫਿਰ ਵੀ ਪਤਾ ਨਹੀਂ ਕਿਸ ਸਹਾਰੇ ਨੂੰ ਪ੍ਰਾਪਤ ਕਰਕੇ ਮੂਰਖ ਜੀਵ ਆਪਣੇ ਭਲੇ ਨਾਲ ਅੱਖ ਮਿਚੋਲੀ ਕਰ ਰਿਹਾ ਹੈ। - 7

## ਬਾਰ੍ਹਵੀਂ ਭਾਵਨਾ (ਗੀਤ)

ਤੂੰ ਗਿਆਨ ਨੂੰ ਪ੍ਰਾਪਤ ਕਰ। ਗਿਆਨਵਾਨ ਬਣ। ਜਾਗ੍ਰਿਤ ਹੋ ਕੇ ਬੋਧੀ ਸੱਮਿਅਕ ਦਰਸ਼ਨ ਨੂੰ ਪ੍ਰਾਪਤ ਕਰ ਕਿਉਂਕਿ ਇਹ ਬਹੁਤ ਦੁਰਲਭ ਹੈ। ਸਮੁੰਦਰ ਦੀਆਂ ਡੂੰਘਾਈਆਂ, ਡੂੰਘੇ ਪਾਣੀ ਵਿੱਚ ਗਿਰੇ ਹੋਏ ਦੈਵੀ ਰਤਨ ਦੀ ਤਰ੍ਹਾਂ ਦੁਰਲਭ ਅਜਿਹੇ ਬੋਧੀ ਦੀ ਤੂੰ ਉਪਾਸਨਾ ਕਰ। ਆਪਣੇ ਭਲੇ ਦੀ

ਸਾਧਨਾ ਕਰ ਲੈ ਅਤੇ ਤੇਰੀ ਆਤਮ ਸ਼ਕਤੀ ਦੇ ਪ੍ਰਭਾਵ ਨਾਲ ਨਰਕ ਆਦਿ ਦੇ ਦਰਵਾਜੇ ਬੰਦ ਕਰ। - 1

ਡਰਾਉਣ ਸੰਸਾਰ ਰੂਪੀ ਜੰਗਲ ਨਿਗੋਦ ਆਦਿ ਦੀ ਸਰੀਰਿਕ ਸਥਿਤੀ ਤੋਂ ਕਾਫੀ ਫੈਲਿਆ ਹੋਇਆ ਹੈ। ਇਸ ਜੰਗਲ ਵਿੱਚ ਮੋਹ ਮਿਥਿਆਤਵਵਾਦੀ ਲੁਟੇਰੇ ਰਹਿੰਦੇ ਹਨ। ਉਸ ਵਿੱਚ ਭਟਕਦੇ ਭਟਕਦੇ ਚੱਕਰਵਰਤੀ ਦੇ ਭੋਜਨ ਦੀ ਤਰ੍ਹਾਂ ਮਨੁੱਖ ਦਾ ਜਨਮ ਮਿਲਣਾ ਅਤਿ ਦੁਰਲੱਭ ਹੈ। - 2

ਸੰਸਾਰ ਵਿੱਚ ਮਨੁੱਖ ਜਨਮ ਜੇ ਅਨਾਰੀਆ ਦੇਸ਼ ਵਿੱਚ ਮਿਲਦਾ ਹੈ ਤਾਂ ਉਹ ਉਲਟਾ ਨੁਕਸਾਨ ਕਰਦਾ ਹੈ ਕਿਉਂਕਿ ਜੀਵ ਹਿੰਸਾ ਆਦਿ ਤਰ੍ਹਾਂ ਤਰ੍ਹਾਂ ਦੇ ਪਾਪਾਂ ਦਾ ਸਹਾਰਾ ਲੈ ਕੇ ਉਹ ਲੋਕ ਆਖਿਰ ਨਰਕ ਭੂਮੀ ਵਿੱਚ ਜਨਮ ਲੈਂਦੇ ਹਨ। - 3

ਆਰਿਆ ਦੇਸ਼ ਵਿੱਚ ਉੱਚ ਕੁਲ ਵਿੱਚ ਪੈਦਾ ਹੋਏ ਪ੍ਰਾਣੀ ਨੂੰ ਧਰਮ ਜਾਨਣ ਦੀ ਇੱਛਾ ਬੜੀ ਔਖੀ ਗੱਲ ਹੈ। ਮੈਥੁਨ, ਪਰਿਗ੍ਰਹਿ, ਭੈਅ ਅਤੇ ਅਹਾਰ ਸੰਗਿਆ ਦੀ ਪੀੜ ਵਿੱਚ ਕੁਲਬੁਲਾਉਂਦਾ ਹੋਇਆ ਇਹ ਸੰਸਾਰ ਵਚਿੱਤਰ ਸਥਿਤੀ ਦਾ ਸ਼ਿਕਾਰ ਹੋ ਰਿਹਾ ਹੈ। - 4

ਸ਼ਾਇਦ ਧਰਮ ਤੱਤਵ ਨੂੰ ਸਮਝਣ ਦੀ ਇੱਛਾ ਜਾਗੇ ਤਾਂ ਗੁਰੂ ਚਰਨਾਂ ਵਿੱਚ ਬੈਠ ਕੇ ਧਰਮ ਗ੍ਰੰਥਾਂ ਨੂੰ ਸੁਣਨਾ ਬਹੁਤ ਔਖਾ ਹੈ। ਗਲਤ ਧਾਰਨਾਵਾਂ ਦੇ ਸ਼ਿਕਾਰ ਹੋ ਕੇ ਵਿਕਥਾ ਦੇ ਜਕੜ ਵਿੱਚ ਫਸ ਕੇ ਜੀਵ ਆਤਮਾਂ ਵਿਸ਼ੇ-ਕਸ਼ਾਇ ਦੇ ਵਿੱਚ ਫਸ ਦੇ ਚਿੱਤ ਦੀ ਇਕਾਗਰਤਾ ਨੂੰ ਗੰਦਾ ਕਰਦਾ ਹੈ। - 5

ਧਰਮ ਸੁਣ ਕੇ, ਸਮਝ ਕੇ, ਅਤੇ ਉਸ ਤੋਂ ਗਿਆਨ ਪ੍ਰਾਪਤ ਕਰਕੇ ਆਤਮਾ ਗਿਆਨ ਕਾਰਜ ਵਿੱਚ ਲੱਗਦਾ ਹੈ ਤਾਂ ਰਾਗ-ਦਵੇਸ਼, ਆਲਸ, ਮਿਹਨਤ, ਨੀਂਦ ਆਦਿ ਅੰਦਰਲੇ ਦੁਸ਼ਮਣ ਉਸ ਦਾ ਰਾਹ ਰੋਕਦੇ ਹਨ। ਚੰਗੇ ਕੰਮਾਂ ਦਾ ਮੌਕਾ ਹੱਥੋਂ ਵਿੱਚੋਂ ਫਿਸਲ ਜਾਂਦਾ ਹੈ। - 6

ਲੱਖ ਚੁਰਾਸੀ ਦੀ ਘੁੰਮਣ ਘੇਰੀ ਵਿੱਚ ਕਿਸੇ ਜਗ੍ਹਾ 'ਤੇ ਤੁਹਾਨੂੰ ਚੰਗੀ ਗੱਲ ਸੁਣਨ ਨੂੰ ਮਿਲੀ ਹੈ ? ਜ਼ਿਆਦਾਤਰ ਤਾਂ ਦੁਨੀਆਂ ਦੇ ਦੀਵਾਨ ਵਿਚ ਮਾਨ, ਖਾਣਾ ਪੀਣਾ ਅਤੇ ਅਰਾਮ ਦੀਆਂ ਗੱਲਾਂ ਵਿੱਚ ਹੀ ਸਾਰੇ ਲੋਕ ਸਮਾਂ ਬਿਤਾਉਦੇ ਹਨ। - 7

ਇਸ ਤਰ੍ਹਾਂ ਔਖੀ ਦੁਰਲਭ ਤੋਂ ਦੁਰਲਭ ਅਜਿਹੇ ਗੁਣ ਸੰਪੰਨ ਬੋਧੀ ਜਨਮ ਨੂੰ ਪ੍ਰਾਪਤ ਕਰਕੇ ਤੈਨੂੰ ਵਿਨੈ ਨਾਲ ਸ਼ਾਂਤਸੁਧਾ ਰਸ ਦਾ ਸੇਵਨ ਕਰਨਾ ਚਾਹੀਦਾ ਹੈ। ਇਹੀ ਇਸ ਦਾ ਉੱਤਮ ਪ੍ਰਯੋਗ ਹੈ। - 8